# ਭਾਰਤੀ ਅਜ਼ਾਦੀ ਦਿਵਸ ਮੌਕੇ ਲੰਡਨ ਦੇ ਦੂਤਘਰ ਕੋਲੋਂ ਫ਼ਿਰ ਆਪਣਾ ਤਰੰਗਾ ਸੰਭਾਲਿਆ ਨਹੀਂ ਗਿਆ ! ਸਿੱਖ ਮੁਜ਼ਾਹਿਰੇਦਾਰਾਂ ਅੱਗੇ ਆਤਮ-ਸਮਰਪਣ !

੧੫ ਆਗਸਤ: ਹਰ ਸਾਲ ਦੀ ਤਰਾਂ, ਭਾਰਤੀ ਦੂਤਘਰ ਅੱਗੇ ਭਾਰਤੀ ਅਜ਼ਾਦੀ ਦਿਵਸ ਮੌਕੇ ਸਮੂਹ ਪੰਥਕ ਜਥੇਬੰਦੀਆਂ ਵੱਲੋਂ, ਇਸ ਦੇ ਖਿਲਾਫ਼ ਸ਼ਾਂਤਮਈ ਪ੍ਰਦਰਸ਼ਣ, ਕੌਂਸਲ ਆਫ਼ ਖਾਲਿਸਤਾਨ ਅਤੇ ਵਿਸ਼ਵ ਸਿੱਖ ਸੱਸਦ ਦੇ ਖ਼ੁਦ-ਮੁੱਖਤਿਆਰੀ ਕੌਂਸਲ ਦੇ ਜਨਰਲ ਸਕੱਤਰ, ਸ: ਰਣਜੀਤ ਸਿੰਘ ਸਰਾਏ ਨੇ ਇਸ ਸਾਲ ਵੀ ਉਲੀਕਿਆ, ਜਿਸ ਵਿਚ ਸਮੂਹ ਖਾਲਿਸਤਾਨੀ ਜਥੇਬੰਦੀਆਂ, ਜਿਵੇਂ ਰੈਫ਼ਰੰਡਮ ੨੦੨੦, ਸਿੱਖਸ ਫ਼ਾਰ ਜੱਸਟਿਸ, ਅਕਾਲੀ ਦਲ ਯੂ. ਕੇ. ਅਤੇ ਅੰਮ੍ਰਿਤਸਰ, ਸਿੱਖ ਫ਼ੈਡ੍ਰੇਸ਼ਨ, ਸੁਯੰਕਤ ਖਾਲਸਾ ਦਲ, ਆਦਿਕ, ਅਤੇ ਕਸ਼ਮੀਰੀ ਸੰਸਥਾਵਾਂ ਦੇ ਮੁੱਢਲੇ ਆਗੂਆਂ ਨੇ ਵੀ ਵੱਧ ਚੜ੍ਹਕੇ ਭਾਗ ਲਿਆ ।

ਲੇਕਿੰਨ, ਭਾਰਤੀ ਪ੍ਰਧਾਨ ਮੰਤਰੀ ਦੇ ਦਿੱਤੇ ਸੱਦੇ ਤੇ ਜਦੋਂ ਦੂਤਘਰ ਦੇ ਕੁਝ-ਕੁ ਸ਼ਰਾਰਤੀ ਦਿਆੜੀਦਾਰਾਂ ਵੱਲੋਂ ਮੁਕਾਬਲੇ ਵਿਚ ਆਪਣੇ ਤਰੰਗੇ ਵੀ ਲਹਿਰਾਏ ਗਏ, ਤੁਰੰਤ ਹੀ ਸਿੱਖ ਨੌਜਵਾਨ ਪਰਦਰਸ਼ਣਕਾਰੀਆਂ ਵੱਲੋਂ ਇਨ੍ਹਾਂ ਤੋਂ ਇਹ ਬਰਾਮਦ ਕਰਕੇ ਇਨ੍ਹਾਂ ਨੂੰ ਆਪਣੇ ਹੀ ਦੂਤਘਰ ਅੱਗਿਓਂ ਹਟਾਇਆ ਗਿਆ । ਅੰਦਰ ਵੜੇ ਦੂਤਘਰ ਦੇ ਕਰਮਚਾਰੀ ਦੰਗ ਹੋ ਕੇ ਇਹ ਸਾਰੀ ਸ਼ਰਮਨਾਕ ਘਟਨਾ ਖਿੜਕੀ ਰਾਹੀਂ ਦੇਖਦੇ ਰਹਿ, ਜੋ ਪੌਲੋਟਿਕਸ ਪੰਜਾਬ ਟੀ. ਵੀ. ਚੈਨਲ ਵੱਲੋਂ ਲਾਈਵ ਪ੍ਰਸਾਰਤ ਕੀਤੀ ਗਈ, ਜਿਸ ਦਾ ਦਿਲਚਸਪ ਇੰਤਜ਼ਾਮ ਸਿੱਖਸ ਫ਼ਾਰ ਜੱਸਟਿਸ ਦੇ ਸ: ਦੁਪਿੰਦਰਜੀਤ ਸਿੰਘ ਨੇ ਕੀਤਾ ।

ਇਸ ਬਾਰੇ ਵਿਸ਼ਵ ਸਿੱਖ ਸੱਸਦ ਦੇ ਜਨਰਲ ਸਕੱਤਰ ਸ:ਮਨਪ੍ਰੀਤ ਸਿੰਘ ਨੇ ਕਿਹਾ ਕਿ ਜਿੱਥੇ ਸਿੱਖਾਂ ਦਾ ਕੇਸਰੀ ਨਿਸ਼ਾਨ ਸਾਹਿਬ, ਸ਼ਾਂਤੀ ਅਤੇ ਸਾਂਝੀਵਾਲਤਾ ਦੀ ਮਿਸਾਲ ਦੁਨੀਆ-ਭਰ ਤਾਈਂ ਕਾਇਮ ਕਰ ਚੁੱਕਾ ਹੈ, ਉੱਥੇ ਭਾਰਤੀ ਤਰੰਗਾ ਸਿਰਫ਼ ਘੱਟ ਗਿਣਤੀ ਲੋਕਾਂ ਦੇ ਤਸ਼ੱਦਦ, ਕਤਲੇਆਮ ਅਤੇ ਹਿੰਦੁੱਤਵੀ ਤਾਕਤਾਂ ਦਾ ਬਦਨਾਮ ਪਰਚਮ ਬਣਕੇ ਹੀ ਰਹਿ ਗਿਆ ਹੈ, ਜਿਸ ਦੇ ਖਿਲਾਫ਼ ਲੜ ਰਹੇ ਸੈਂਕੜੇ ਸਿੱਖ ਸਿਆਸੀ ਕੈਦੀ ਲਗਾਤਾਰ ਇਸ ਦੀਆਂ ਕਾਲ-ਕੋਠੜੀਆਂ ਅੰਦਰ ਕਈ ਦੇਹਾਕਿਆਂ ਤੋਂ ਆਪਣੀਆਂ ਉਮਰਾਂ ਗਾਲਦੇ ਹੋਏ ਨਜ਼ਰਬੰਧ ਹਨ ।

ਇਸ ਤਰਾਂ, ਵੱਖ-ਵੱਖ ਆਗੂਆਂ ਨੇ ਭਾਰਤੀ ਵਿਧਾਨ ਧਾਰਾ ੨੫, ਪੰਜਾਬ ਦੀ ਸਰ-ਜ਼ਮੀਨ ਅਤੇ ਪਾਣੀਆਂ ਦੀ ਲੁੱਟ, ਕਾਲੇ-ਕਾਨੂਨਾਂ, ਧਾਰਮਿਕ ਅਸਥਾਨਾਂ ਅਤੇ ਚਿਨ੍ਹਾਂ ਉੱਤੇ ਹਮਲਿਆਂ, ਅਤੇ ਹੋਰ ਸਿੱਖਾਂ ਨਾਲ ਲਗਤਾਤਾਰ ਕੀਤੇ ਜਾਂਦੇ ਵਿਤਕਰੀ ਕਾਰਨਾਂ ਕਰਕੇ ਦਰਸਾਇਆ, ਕਿ ਕਿਉਂ ਵੱਖਰਾ ਸਿੱਖ ਰਾਜ, ਖਾਲਿਸਤਾਨ, ਸਿੱਖਾਂ ਲਈ ਜਰੂਰੀ ਅਤੇ ਇਕ ਮਜਬੂਰੀ ਵੀ ਹੈ ।

ਆਖਰ, ਵਿਸ਼ਵ ਸਿੱਖ ਸੱਸਦ ਦੇ ਸਪੀਕਰ, ਸ: ਜੋਗਾ ਸਿੰਘ ਨੇ ਸਮੂਹ ਪ੍ਰਦਰਸ਼ਣਕਾਰੀਆਂ ਦਾ ਧੰਨਬਾਦ ਕੀਤਾ ਅਤੇ ਕੌਂਸਲ ਆਫ਼ ਖਾਲਿਸਤਾਨ ਦੇ ਪ੍ਰਧਾਨ, ਸ: ਅਮਰੀਕ ਸਿੰਘ ਸਹੋਤਾ (ਓ. ਬੀ. ਈ.) ਨੇ ਆਪਣੇ ਬਿਆਨਾਂ ਰਾਹੀਂ ਹਿੰਦੁਤਵੀ ਅੰਸਰਾਂ ਨੂੰ ਚਿਤਾਵਨੀ ਦੇਂਦੇਆਂ ਕਿਹਾ, ਕਿ ਤਰੰਗਾ ਕੀ, ਅਸੀਂ ਇਸ ਨੂੰ ਲਹਿਰਾਉਣ ਲਈ ਤੁਹਾਡਾ ਕੋਈ ਘਰ-ਮਕਾਨ ਤੱਕ ਵੀ ਤੁਹਾਡੇ 'ਸ਼ੁਭ' ਨਾਵਾਂ ਹੇਠ ਨਹੀਂ ਛੱਡਾਂਗੇ !